# ਪਾਠ-ਸੂਚਨਾ – ਪ੍ਰਾਇਮਰੀ ਸਕੂਲ

ਸ੍ਵੈ ਇੱਛਾ ਨਾਲ ਵਿਸ਼ਵ ਹਲਕਾਅ ਦਿਵਸ ਮੌਕੇ ਸ਼ਾਮਲ ਹੋਣ ਲਈ ਪਹੁੰਚੇ ਸਾਰੇ ਸਜਣਾਂ ਦਾ ਧੰਨਵਾਦ। ਇਸ ਸੂਚਨਾ-ਪੱਤਰ ਵਿਚ ਦਿਤੀ ਜਾਣ ਵਾਲੀ ਜਾਣਕਾਰੀ ਪ੍ਰਾਇਮਰੀ ਸਕੂਲਾਂ ਨੂੰ ਧਿਆਨ ਵਿੱਚ ਰੱਖਕੇ ਬਣਾਈ ਗਈ ਹੈ।

## ਹਲਕਾਅ ਸੰਬੰਧੀ ਸਿੱਖਿਆ ਦਾ ਮਹੱਤਵ:-

ਹਲਕਾਅ ਸਬੰਧੀ ਸਿਖਿਆ ਤੋਂ ਬਿਨਾਂ ਇਹ ਸੰਭਵ ਨਹੀਂ ਹੋ ਸਕਦਾ ਕਿ ਅਸੀਂ ਇਸ ਨਾਲ ਹੋਣ ਵਾਲੀਆਂ ਮੌਤਾਂ ਨੂੰ ਰੋਕ ਸਕੀਏ। ਬੱਚਿਆਂ ਨੂੰ ਹਲਕਾਅ ਸੰਬੰਧੀ ਮੁੱਢਲੀ ਜਾਣਕਾਰੀ, ਬਚਾਓ ਤੇ ਰੋਕਥਾਮ ਕਰਨਾ, ਇਸ ਦਾ ਮੁੱਖ ਉਦੇਸ਼ ਹੈ। ਇਸ ਨਾਲ ਅਸੀਂ ਉਸ ਦਿਨ ਵੱਲ ਅਗਾਂਹ ਵੱਧ ਰਹੇ ਹਾਂ ਕਿ ਰੋਕੀਆਂ ਜਾ ਸਕਣ ਵਾਲੀਆਂ ਮੌਤਾਂ ਨੂੰ ਰੋਕੀਏ।

ਬੱਚਿਆਂ ਨੂੰ ਇਹ ਸਿਖਿਆ ਦਿੰਦੇ ਹੋਏ ਅਸੀਂ ਉਨ੍ਹਾਂ ਸਾਰੇ ਪਰਿਵਾਰਾਂ ਤੱਕ ਸੁਨੇਹਾ ਪਹੁੰਚਾਉਣ ਦੇ ਯੋਗ ਹੋ ਜਾਵਾਂਗੇ, ਜੋ ਵਿਸ਼ਵ ਹਲਕਾਅ ਦਿਵਸ ਵਿਚ ਹਿੱਸਾ ਲੈ ਕੇ ਇਹ ਸੁਨੇਹਾ ਆਪਣੇ ਮਾਂ-ਬਾਪ ਅਤੇ ਰਿਸ਼ਤੇਦਾਰਾਂ ਨਾਲ ਸਾਂਝਾ ਕਰਨਗੇ।

## ਇਸ ਪਾਠ ਦੇ ਕੀ ਨਤੀਜੇ ਨਿਕਲਣਗੇ?

ਵਿਸ਼ਵ ਹਲਕਾਅ ਦਿਵਸ ਪਾਠ ਵਿੱਚ ਹਿੱਸਾ ਲੈਣ ਵਾਲੇ ਬੱਚੇ ਜਾਨਣਗੇ-

— ਹਲਕਾਅ ਦੇ ਪ੍ਰਭਾਵ

— ਹਲਕਾਅ ਦੇ ਸੰਪਰਕ ਵਿੱਚ ਆਉਣ ਤੋਂ ਕਿਵੇਂ ਬਚਿਆ ਜਾਵੇ।

— ਕੁੱਤੇ ਦੇ ਕੱਟਣ ਤੋਂ ਕਿਵੇਂ ਬਚਿਆ ਜਾਵੇ

— ਹਲਕਾਅ ਨੂੰ ਖਤਮ ਕਿਵੇਂ ਕੀਤਾ ਜਾ ਸਕਦਾ ਹੈ

## ਇਸ ਸਿਖਿਆ ਦਾ ਕੀ ਲਾਭ ਹੋਵੇਗਾ?

ਇਹ ਪਾਠ ਸਿੱਖਣ ਤੋਂ ਪਹਿਲਾਂ ਤੇ ਸਿੱਖਣ ਤੋਂ ਬਾਅਦ ਦੀ ਜਾਣਕਾਰੀ ਦੇ ਆਧਾਰ 'ਤੇ ਤਿਆਰ ਕੀਤਾ ਗਿਆ ਹੈ। ਇਹ ਜ਼ਬਾਨੀ ਪ੍ਰਸ਼ਨਾਂ ਦੇ ਰੂਪ ਵਿੱਚ ਅਤੇ ਪਹਿਲਾਂ ਹੀ ਤਿਆਰ ਕੀਤੇ ਪ੍ਰਸ਼ਨਾਂ ਦੇ ਰੂਪ ਵਿਚ ਹੋਵੇਗਾ। ਤੁਹਾਨੂੰ ਵਿਦਿਆਰਥੀਆਂ ਦੀ ਯੋਗਤਾਂ ਨੂੰ ਜਾਣਕਾਰੀ ਦੇਣ ਤੋਂ ਪਹਿਲਾਂ ਅਤੇ ਜਾਣਕਾਰੀ ਦੇਣ ਤੋਂ ਬਾਅਦ ਪੁੱਛੇ ਗਏ ਪ੍ਰਸ਼ਨਾਂ ਦੇ ਸਹੀ ਉੱਤਰ ਦੇਣ ਦੀ ਯੋਗਤਾ ਨੂੰ ਦਰਜ਼ ਕਰਨਾ ਚਾਹੀਦਾ ਹੈ। ਇਹ ਵਿਦਿਆਰਥੀਆਂ ਦੀ ਥੋੜ੍ਹੇ ਸਮੇਂ ਵਿੱਚ ਯਾਦ ਰੱਖਣ ਦੀ ਯੋਗਤਾ ਨੂੰ ਪਰਖਣ ਵਿਚ ਸਹਾਈ ਹੋਵੇਗਾ। ਲੰਮੇ ਸਮੇਂ ਵਿੱਚ ਇਸ ਸਿਖਿਆ ਦੀ ਜਾਣਕਾਰੀ ਕੁੱਤੇ ਦੇ ਕੱਟੇ ਜਾਣ ਵਾਲੇ ਪੀੜਤ ਬੱਚਿਆਂ ਦੀ ਸੰਖਿਆ ਵਿੱਚ ਕਮੀ ਲੈ ਕੇ ਆਵੇਗੀ, ਪਾਲਤੂ ਕੁੱਤਿਆਂ ਨੂੰ ਬੀਮਾਰੀਆਂ ਦੇ ਰੋਕਥਾਮ ਲਈ ਟੀਕੇ ਲਗਵਾਉਣ ਵਿੱਚ ਵਾਧਾ ਕਰੇਗੀ।

## ਪਾਠ ਦਾ ਮਹੱਤਵ

ਇਹ ਪਾਠ ਵਿਦਿਆਰਥੀਆਂ ਦੀ ਹਲਕਾਅ ਬਾਰੇ ਹੋਰ ਜਾਣਕਾਰੀ ਹਾਸਲ ਕਰਨ ਤੇ ਹਲਕਾਅ ਦੀ ਰੋਕਥਾਮ ਨੂੰ ਮੁੱਖ ਰੱਖਕੇ ਤਿਆਰ ਕੀਤਾ ਗਿਆ ਹੈ। ਇਸ ਵਿਚ ਬੱਚਿਆਂ ਦੀ ਦਿਲਚਸਪੀ ਬਣਾਈ ਰੱਖਣ ਲਈ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਹੋਣਗੀਆਂ ਤੇ ਨਾਲ ਹੀ ਵਿਸ਼ਵ ਹਲਕਾਅ ਦਿਵਸ ਦਾ ਅਸਰ ਭਰਪੂਰ ਸੁਨੇਹਾ ਦਿੱਤਾ ਜਾਵੇਗਾ। ਮੁੱਖ ਨੁਕਤਿਆਂ ਦਾ ਦੁਹਰਾਓ ਬੱਚਿਆਂ ਨੂੰ ਜਾਣਕਾਰੀ ਯਾਦ ਰੱਖਣ ਵਿੱਚ ਸਹਾਈ ਹੋਵੇਗਾ ਤੇ ਕੁੱਝ ਸਰੀਰਕ ਕਿਰਿਆਵਾਂ ਜੋ ਕਲਾਸਾਂ ਦੇ ਬਾਅਦ ਵਾਲੇ ਹਿੱਸੇ ਵਿਚ ਕਰਵਾਈਆਂ ਜਾਣਗੀਆਂ, ਵਿਦਿਆਰਥੀਆਂ ਦੀ ਇਕਾਗਰਤਾ ਦੇ ਮਿਆਰ ਨੂੰ ਵਧਾਉਣ ਵਿੱਚ ਲਾਭਦਾਇਕ ਸਾਬਤ ਹੋਣਗੀਆਂ। ਬੱਚਿਆਂ ਨੂੰ ਇਹ ਵੀ ਵਿਸ਼ਵਾਸ ਦਵਾਉਣਾ ਹੈ ਕਿ ਉਹ ਕਲਾਸ ਨੂੰ ਕੁੱਤਿਆਂ ਪ੍ਰਤੀ ਨਫ਼ਰਤ ਜਾਂ ਡਰ ਦੀ ਭਾਵਨਾ ਨਾਲ ਨਾਂ ਛੱਡਣ ਬਲਕਿ ਉਨ੍ਹਾਂ ਨੂੰ ਯਾਦ ਕਰਾਉਣਾ ਹੈ ਕਿ ਕੁਝ ਕੁੱਤੇ ਖ਼ਤਰਨਾਕ ਹੋ ਸਕਦੇ ਹਨ, ਜੇ ਕੁੱਤਿਆਂ ਨਾਲ ਠੀਕ ਤਰੀਕੇ ਨਾਲ ਪੇਸ਼ ਆਇਆ ਜਾਵੇ ਤਾਂ ਕੁੱਤੇ ਚੰਗੇ ਪਾਲਤੂ ਵੀ ਬਣਾਏ ਜਾ ਸਕਦੇ ਹਨ।

## ਪਾਠ ਲਈ ਲੋੜੀਂਦਾ ਸਮਾਨ:

— ਤੁਹਾਨੂੰ ਇਕ ਕੰਮਪਿਊਟਰ ਤੇ ਸਕਰੀਨ ਦੀਆਂ ਸਹੂਲਤਾਂ ਵਾਲਾ ਕਮਰਾ ਚਾਹੀਦਾ ਹੈ।

— ਤੁਹਾਨੂੰ ਫੋਾਇਰ ਫੋਨਿਟ ਫਰਇਸਇਨਟਓਟੋਨਿ ਦੁਆਰਾ ਜਾਣਕਾਰੀ ਦਿਤੀ ਜਾਵੇਗੀ, ਜਿਸ ਵਿਚ ਵਿਸਤਾਰਪੂਰਵਕ ਨੋਟਸ ਹੋਣਗੇ। ਇਹ ਵੀ ਨਿਰਧਾਰਿਤ ਕੀਤਾ ਜਾਵੇਗਾ ਕਿ ਤੁਸੀਂ ਆਪਣੀ ਕਲਾਸ ਦੌਰਾਨ ਸੰਬੰਧਿਤ ਜਾਣਕਾਰੀ ਦੇ ਪ੍ਰਿੰਟ ਕਢਵਾ ਸਕੋ।

— ਤੁਹਾਨੂੰ ਆਪਣਾ ਕੰਮ ਕਰਨ, ਪੋੌਸਟਰ ਜਾਂ ਫੋਟੋ ਬਨਉਣ ਲਈ ਕਾਗਜ਼ ਤੇ ਰੰਗ ਵੀ ਦਿੱਤੇ ਜਾਣਗੇ।